ਬੀ. ਐਸ. ਐਨ. ਐਲ. ਫਿਰੋਜ਼ਪੁਰ ਦੇ ਅਧਿਕਾਰੀ ਡਰਾਅ ਕੱਢਦੇ ਹੋਏ। ਜਨਰਲ ਮੈਨੇਜਰ ਸ੍ਰੀ ਚੰਦਰ ਹਾਸ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਨਾਲ ਬੈਠੇ ਹਨ। ਡੀ. ਜੀ. ਐਮ. ਸ੍ਰ. ਕੇ. ਡੀ. ਸਿੰਘ, ਸ੍ਰੀ ਸੰਜੇ ਗੁਪਤਾ ਡੀ. ਜੀ. ਐਮ., ਸ੍ਰੀ ਐਚ. ਐਸ. ਨਰੂਲਾ ਡੀ. ਈ. ਟੀ., ਸ੍ਰੀ ਸਤਿਪਾਲ ਖੁਰਾਣਾ ਡੀ. ਈ.ਟੀ., ਸ੍ਰੀ ਐਚ. ਐਸ. ਹੰਸਪਾਲ ਅਤੇ ਹੋਰ ਅਧਿਕਾਰੀ ਨਜ਼ਰ ਆ ਰਹੇ ਹਨ। ਫੋਟੋ ਤੇ ਵੇਰਵਾ-ਜੀ. ਐਸ. ਕਾਲੜਾ ਫਿਰੋਜ਼ਪੁਰ

ਫਾਈਨਲ ਡਰਾਫਟ ਵਰਸ਼ਨ ਨੂੰ ਰੀਵੀਊ ਕਰਨ ਸੰਬੰਧੀ ਮੀਟਿੰਗ ਹੋਈ

ਹੁਸ਼ਿਆਰਪੁਰ 6 ਮਾਰਜ (ਧਵਨ) ਮਨੁੱਖੀ ਵਿਕਾਸ ਰੀਪੋਰਟ ਜ਼ਿਲ੍ਹਾ ਹੁਸ਼ਿਆਰਪੁਰ ਦੇ ਫਾਈਨਲ ਡਰਾਫਟ ਵਰਸ਼ਨ ਨੂੰ ਰੀਵੀਊ ਕਰਨ ਸਬੰਧੀ ਮਿੰਨੀ ਸਕਤਰੇਤ ਦੇ ਮੀਟਿੰਗ ਹਾਲ ਵਿਖੇ ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀ ਹਰਮਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਆਯੋਜਿਤ ਕੀਤੀ ਗਈ । ਇਸ ਮੀਟਿੰਗ ਵਿੱਚ ਡਿਪਟੀ ਡਾਇਰੈਕਟਰ , ਆਬਾਦੀ ਖੋਜ ਕੇਂਦਰ , ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸ਼੍ਰੀਮਤੀ ਰੀਨਾ ਸਿੰਘ ਅਤੇ ਸਹਾਇਕ ਡਾਇਰੈਕਟਰ ਡਾ ਸਵਰਨ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਹਰਮਿੰਦਰ ਸਿੰਘ ਨੇ ਦੱਸਿਆ ਕਿ ਮਨੁੱਖੀ ਵਿਕਾਸ ਰਿਪੋਰਟ ਹੁਸ਼ਿਆਰਪੁਰ ਜੋ ਕਿ ਯੂਨਾਈਟਡ ਨੇਸ਼ਨ ਡਿਵੈਲਪਮੈਂਟ ਪ੍ਰੋਗਰਾਮ (ਯੂ. ਐਨ.ਡੀ. ਪੀ .) ਅਸਿਸਟਡ ਪ੍ਰੋਜੈਕਟ ਹੈ ਜਿਸ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ । ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਤੋਂ ਸੁਝਾਅ ਪੁੱਛੇ ਗਏ ਜਿਸ ਤੇ ਕਈ ਮੈਂਬਰਾਂ ਨੇ ਸਿੱਖਿਆ, ਸਿਹਤ ਅਤੇ ਕਿੱਤਿਆਂ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ । ਇਨ੍ਹਾਂ ਸੁਝਾਵਾਂ ਨੂੰ ਵਧੀਕ ਡਿਪਟੀ ਕਮਿਸ਼ਨਰ ਨੇ ਇਸ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਕਿਹਾ। ਮੈਂਬਰਾਂ ਨੇ ਮੀਟਿੰਗ ਵਿੱਚ ਨੌਜਵਾਨ ਵਰਗ ਵਿੱਚ ਨਸ਼ਿਆਂ ਦੀ ਵੱਧ ਰਹੀ ਲਾਹਨਤ ਦੇ ਕਾਰਨਾਂ ਦਾ ਵੀ ਰਿਪੋਰਟ ਵਿੱਚ ਦਰਜ਼ ਕਰਨ ਲਈ ਕਿਹਾ। ਇਸ ਤੋਂ ਇਲਾਵਾ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਘੱਟ ਰਹੀ ਗਿਣਤੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਵੱਧ ਰਹੀ ਗਿਣਤੀ ਦੇ ਕਾਰਨਾਂ ਬਾਰੇ ਵੀ ਰਿਪੋਰਟ ਵਿੱਚ ਦਰਜ਼ ਕਰਨ ਲਈ ਕਿਹਾ। ਮੀਟਿੰਗ ਵਿੱਚ ਹਾਜ਼ਰ ਮੈਂਬਰ ਨੇ ਕਿਹਾ ਕਿ ਬੱਚਿਆਂ ਵਿੱਚ ਪੜਨ ਦੀ ਰੂਚੀ ਘਟਦੀ ਜਾ ਰਹੀ ਹੈ ਜਿਸ ਦਾ ਮੁੱਖ ਕਾਰਨ ਮੋਬਾਇਲ ਹੈ, ਨੂੰ ਵੀ ਮਨੁੱਖੀ ਵਿਕਾਸ ਰਿਪੋਰਟ ਵਿੱਚ ਦਰਜ ਕੀਤਾ ਜਾਵੇ। ਡਿਪਟੀ ਡਾਇਰੈਕਟਰ, ਆਬਾਦੀ ਖੋਜ ਕੇਂਦਰ, ਪੰਜਾਬ ਯੂਨੀਵਰਸਿਟੀ ਸ਼੍ਰੀਮਤੀ ਰੀਨਾ ਸਿੰਘ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ 10 ਬਲਾਕਾਂ ਦੀ ਸੂਚਨਾ ਇਸ ਰਿਪੋਰਟ ਵਿੱਚ ਦਰਜ ਕੀਤੀ ਗਈ ਹੈ ਜਿਸ ਵਿੱਚ ਸਕੂਲਾਂ , ਹਸਪਤਾਲਾਂ , ਪਾਣੀ, ਬਿਜਲੀ ਅਤੇ ਹੋਰ ਮੁਢਲੀਆਂ ਸਹੂਲਤਾਂ ਦੇ ਮਿਆਰ ਬਾਰੇ ਲਿਖਿਆ ਗਿਆ ਹੈ। ਇਸ ਰਿਪੋਰਟ ਅਨੁਸਾਰ ਪੰਜਾਬ ਵਿੱਚੋਂ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪੜ੍ਹੇ ਲਿਖੇ ਲੋਕ ਸਭ ਤੋਂ ਵੱਧ ਹਨ। ਉਨ੍ਹਾਂ ਕਿਹਾ ਕਿ ਗਰਭਵਤੀ ਔਰਤਾਂ ਬਹੁਤ ਘੱਟ ਗਿਣਤੀ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਡਲੀਵਰੀ ਕਰਾਉਂਦੀਆਂ ਹਨ । ਸਰਕਾਰੀ ਸਹੂਲਤਾਂ ਦਾ ਲੋਕ ਬਹੁਤ ਘੱਟ ਫਾਇਦਾ ਲੈ ਰਹੇ ਹਨ। ਇਸ ਦੇ ਕਾਰਨਾਂ ਸੰਬੰਧੀ ਵੀ ਰਿਪੋਰਟ ਤਿਆਰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਰਿਪੋਰਟ ਰਾਹੀਂ ਭਾਰਤ ਵਿੱਚੋਂ ਬੈਕਵਰਡ ਜ਼ਿਲ੍ਹੇ ਵੀ ਚੁਣੇ ਗਏ ਹਨ । ਭਾਰਤ ਦੀਆਂ 60 ਰਿਪੋਟਰਾਂ ਵਿੱਚ ਹੁਸ਼ਿਆਰਪੁਰ ਦੀ ਰਿਪੋਰਟ ਵੀ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਮਨੁੱਖੀ ਵਿਕਾਸ ਰਿਪੋਰਟ ਪਹਿਲਾਂ ਸੰਨ 2004 ਵਿੱਚ ਤਿਆਰ ਕੀਤੀ ਗਈ ਸੀ ਕਿ ਮਨੁੱਖੀ ਵਿਕਾਸ ਕਿਸ ਤਰ੍ਹਾਂ ਦਾ ਹੈ। ਮੀਟਿੰਗ ਵਿੱਚ ਸਹਾਇਕ ਡਾਇਰੈਕਟਰ ਡਾ ਸਵਰਨ ਸਿੰਘ ਨੇ ਵੀ ਰਿਪੋਰਟ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੀਟਿੰਗ ਵਿੱਚ ਉਪ ਅਰਥ ਅੰਕੜਾ ਤੇ ਸਲਾਹਕਾਰ ਭੁਪਿੰਦਰ ਕੌਰ, ਖੇਤੀਬਾੜੀ ਅਫ਼ਸਰ ਡਾ ਯਾਦਵਿੰਦਰ ਸਿੰਘ, ਬਾਗਬਾਨੀ ਵਿਕਾਸ ਅਫ਼ਸਰ ਡਾ ਬਲਵਿੰਦਰ ਸਿੰਘ, ਸਹਾਇਕ ਸਿਵਲ ਸਰਜਨ ਡਾ ਦਵਿੰਦਰ ਸਿੰਘ, ਡਾ ਕੁਲਦੀਪ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ) ਸੁਦੇਸ਼ ਕੁਮਾਰੀ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਸੁਖਵਿੰਦਰ ਕੌਰ, ਐਕਸੀਅਨ ਟੀ ਆਰ ਕਤਨੋਰੀਆ, , ਐਕਸੀਅਨ ਵਾਟਰ ਸਪਲਾਈ ਅਮਰਜੀਤ ਸਿੰਘ, ਐਕਸੀਅਨ ਆਰ ਐਲ ਢਾਂਡਾ, ਤੇਜਪਾਲ ਸਿੰਘ, ਐਸ ਡੀ ਓ ਸਰੂਪ ਸਿੰਘ , ਬਲਦੇਵ ਸਿੰਘ ਰੰਧਾਵਾ, ਚੇਅਰਪਰਸਨ ਜ਼ਿਲ੍ਹਾ ਪ੍ਰੀਸ਼ਦ ਸੁਰਿੰਦਰ ਕੌਰ, ਆਸਾ ਸਿੰਘ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਮੈਂਬਰ ਨਿਰਮਲ ਸਿੰਘ, ਮੈਂਬਰ ਕਿਸ਼ਨ ਸਿੰਘ, ਜਗਮੋਹਨ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ।

ਨਸ਼ਾ ਸੰਸਾਰ ਦਾ ਤੀਸਰੇ ਦਰਜੇ ਦਾ ਵਪਾਰ-ਖੰਨਾ

ਨਵਾਂ ਸ਼ਹਿਰ, 6 ਮਾਰਚ (ਗੁਰਜੀਤ ਸਿੰਘ)-ਨਸ਼ਾ ਰਹਿਤ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਗਰੇਸ ਮਾਰਕ ਦਿੱਤੇ ਜਾਣ ਤਾਂ ਕਿ ਨੌਜਵਾਨਾਂ ਵਿੱਚੋਂ ਇਸ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕੀਤਾ ਜਾ ਸਕੇ ਅਤੇ ਪੰਜਾਬ ਦੀ ਡੁੱਬਦੀ ਜਵਾਨੀ ਨੂੰ ਬਚਾਇਆ ਜਾਵੇ। ਇਹ ਜਾਣਕਾਰੀ ਸ੍ਰੀ ਅਵਿਨਾਸ਼ ਰਾਏ ਖੰਨਾ ਮੈਂਬਰ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਸ੍ਰੀ ਖੰਨਾ ਨੇ ਕਿਹਾ ਕਿ ਸੰਸਾਰ ਵਿੱਚ ਪਹਿਲੇ ਨੰਬਰ ਦਾ ਵਪਾਰ ਪੈਟ੍ਰੋਲੀਅਮ, ਦੂਸਰੇ ਨੰਬਰ ਦਾ ਵਪਾਰ ਹਥਿਆਰਾਂ ਦੀ ਖਰੀਦੋ ਫਰੋਖਤ ਅਤੇ ਤੀਸਰੇ ਨੰਬਰ ਦਾ ਵਪਾਰ ਡਰੱਗ ਦਾ ਵਪਾਰ ਹੋ ਰਿਹਾ ਹੈ। ਜੇਕਰ ਅਸੀਂ ਇਸ ਨਸ਼ੇ ਦੇ ਵਪਾਰ ਨੂੰ ਖ਼ਤਮ ਕਰਨ ਲਈ ਅੱਗੇ ਨਾ ਆਏ ਤਾਂ ਉਹ ਦਿਨ ਦੂਰ ਨਹੀਂ ਜਦ ਪੰਜਾਬ ਵਿੱਚ ਕਬੱਡੀਆਂ ਦੀ ਨਸ਼ੇੜੀਆਂ ਦੇ ਰਾਗ ਹੀ ਸੁਣਨ ਨੂੰ ਮਿਲਿਆ ਕਰਨਗੇ। ਇਸ ਮੌਕੇ ਉਨ੍ਹਾਂ ਦੇ ਨਾਲ ਜਿਲ੍ਹਾ ਨਵਾਂ ਸ਼ਹਿਰ ਵਿੱਚ ਮਨੁੱਖੀ ਅਧਿਕਾਰਾਂ ਤੇ ਕੰਮ ਕਰ ਰਹੀ ਸੁਸਾਇਟੀ ਮਨੁੱਖੀ ਅਧਿਕਾਰ ਜਾਗਰਤੀ ਮੰਚ ਦੇ ਪ੍ਰਧਾਨ ਵਾਸਦੇਵ ਪਰਦੇਸੀ ਅਤੇ ਹੋਰ ਮੈਂਬਰ ਵੀ ਹਾਜ਼ਰ ਸਨ।

ਕੇਂਦਰ ਵੱਲੋਂ ਪੇਸ਼ ਬਜਟ ਲੋਕ ਵਿਰੋਧੀ

ਬਸਪਾ ਵੱਲੋਂ ਨਿਖੇਧੀ

ਕੁਹਾੜਾ 6 ਮਾਰਚ (ਗੁਰਨਾਮ) ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਸਾਹਨੇਵਾਲ ਦੀ ਮੀਟਿੰਗ ਲਾਭ ਸਿੰਘ ਭਾਮੀਆਂ ਮੈਂਬਰ ਬਲਾਕ ਸੰਮਤੀ ਤੇ ਡਾ: ਸੁਖਦੇਵ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸੁਰਿੰਦਰ ਕੁਮਾਰ ਮੇਹਰਬਾਨ ਪ੍ਰਧਾਨ, ਗੁਰਪ੍ਰੀਤ ਸਿੰਘ ਮਹਿਦੂਦਾਂ ਜਨਰਲ ਸਕੱਤਰ ਸਾਹਨੇਵਾਲ ਬਸਪਾ ਹਾਜਰ ਸਨ। ਉਨ੍ਹਾਂ ਇਸ ਮੀਟਿੰਗ 'ਚ ਕੇਂਦਰ ਸਰਕਾਰ ਵਲੋ ਪਾਸ ਕੀਤਾ ਆਮ ਬਜਟ ਆਮ ਆਦਮੀ ਕਿਸਾਨ ਤੇ ਵਿਸੇਸ ਕਰਕੇ ਗਰੀਬ ਵਿਰੋਧੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਉਦਯੋਗਿਕ ਖੇਤਰ ਨੂੰ ਭਾਰੀ ਰਿਆਤਾਂ ਦੇ ਕੇ ਐਫ.ਡੀ.ਆਈ ਤੇ ਵਿਦੇਸੀ ਨਿਵੇਸ ਦੀ ਪ੍ਰਕਿਰਿਆ ਨੂੰ ਸਰਲ ਬਣਾਕੇ ਵਿਦੇਸੀ ਪੂੰਜੀਪਤੀਆਂ ਨੂੰ ਦੇਸ਼ ਦੇ ਬਜਾਰ ਵਿੱਚ ਖੁੱਲਾ ਮੁਨਾਫਾ ਕਮਾਉਣ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਬਜਟ ਰਜਵਾੜਿਆਂ, ਜਮ੍ਹਾਂਖੋਰਾਂ, ਪੂੰਜੀਪਤੀ ਉਦਯੋਗਪਤੀਆਂ ਅਤੇ ਸਰਮਾਏਦਾਰਾਂ ਦੇ ਹੱਕ 'ਚ ਜਾਦਾ ਹੈ। ਇਸ ਦੇ ਉਲਟ ਦੇਸ ਵਿੱਚ ਪਹਿਲਾ ਹੀ ਅਸਮਾਨ ਨੂੰ ਛੂੰਹਦੀਆਂ ਕੀਮਤਾਂ ਨੇ ਆਮ ਨਾਗਰਿਕ ਨੂੰ ਮਾਨਸਿਕ ਪ੍ਰੇਸ਼ਾਨੀ ਵਿੱਚ ਸੁੱਟਿਆ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਖਾਦਾਂ ਦੇ ਭਾਅ ਵੱਧਣ ਨਾਲ ਕਰਜਾਈ ਕਿਸਾਨ ਬਿਲਕੁਲ ਬਰਬਾਦ ਹੋ ਜਾਵੇਗਾ। ਸੋਕੇ ਜਾਂ ਕਾਲ ਵਰਗੇ ਹਲਾਤਾਂ ਲਈ ਬਜਟ ਵਿੱਚ ਕੁਝ ਨਹੀ ਰੱਖਿਆ ਗਿਆ। ਇਹ ਬਜਟ ਗਰੀਬਾਂ ਨੂੰ ਮੁਸਕਲ ਨਾਲ ਮਿਲ ਰਹੀ ਰੋਟੀ ਦਾ ਟੁੱਕ ਵੀ ਖੋਹ ਲਵੇਗਾ। ਇਸ ਮੌਕੇ ਕੇਵਲ ਜਮਾਲਪੁਰ, ਰਾਮ ਲੋਕ, ਉਮ ਪ੍ਰਕਾਸ, ਸਰਪੰਚ ਕੁਲਵੰਤ ਸਿੰਘ, ਸਰਪੰਚ ਰਮੇਸ਼ ਲਾਲ, ਪੰਚ ਜੋਗਿੰਦਰ ਸਿੰਘ ਨੀਟੂ ਭਾਮੀਆਂ, ਰਾਮ ਸਰੂਪ ਲਾਟੋਂ, ਹੰਸ ਰਾਜ ਕਡਿਆਣਾ, ਤੀਰਥ ਸਿੰਘ ਗਰਚਾ, ਸਤਪਾਲ ਮੱਤੇਵਾੜਾ, ਵਿਪਨ ਦਲੀਪ ਕੁਮਾਰ, ਭੂਸ਼ਣ ਕਾਸਾਬਾਦ, ਪ੍ਰਤਾਪ ਗੋਤਮ, ਕਮਲਜੀਤ ਕੌਰ ਅਟਵਾਲ ਤੇ ਨਰਿੰਦਰ ਸਿੰਘ ਚੌਤਾਂ ਹਾਜਰ ਸਨ।

ਅਲਟਰਾ ਸਾਊਂਡ ਮਸ਼ੀਨ ਚਾਲੂ ਕਰਨ ਦੀ ਮੰਗ

ਸਰਦੂਲਗੜ੍ਹ, 6 ਮਾਰਚ (ਝੰਡਾ)- ਲਗਭਗ ਦੋ ਮਹੀਨੇ ਬੀਤ ਚੁੱਕੇ ਹਨ ਕਿ ਸਥਾਨਕ ਸਿਵਲ ਹਸਪਤਾਲ ਦੀ ਅਲਟਰਾਸਾਊਂਡ ਮਸ਼ੀਨ ਸੀਲ ਕਰ ਦਿੱਤੀ ਜਾ ਚੁੱਕੀ ਹੈ। ਜਿਸ ਕਾਰਨ ਇਸ ਪੱਛੜੇ ਇਲਾਕੇ ਦੇ ਖਾਸ ਕਰਕੇ ਗਰੀਬ ਵਰਗ ਨੂੰ ਭਾਰੀ ਮੁਸ਼ਕਿਲ ਪੇਸ਼ ਆ ਰਹੀ ਹੈ। ਆਮ ਲੋਕਾਂ ਨੂੰ ਅਲਟਰਾਸਾਊਂਡ ਕਰਵਾਉਣ ਲਈ ਸਰਸਾ, ਮਾਨਸਾ ਜਾਂ ਫਿਰ ਬਠਿੰਡਾ ਜਾਣਾ ਪੈਂਦਾ ਹੈ। ਇਲਾਕੇ ਦੇ ਲੋਕਾਂ ਦੀ ਸਿਤ ਮੰਤਰੀ ਸਾਹਿਬ ਜੀ ਤੋਂ ਪੂਰੇ ਜ਼ੋਰ ਮੰਗ ਹੈ ਕਿ ਸਥਾਨਕ ਹਸਪਤਾਲ ਵਿੱਚ ਅਲਟਰਾਸਾਊਂਡ ਮਸ਼ੀਨ ਚਾਲੂ ਕੀਤੀ ਜਾਵੇ ਅਤੇ ਨਾਲ ਹੀ ਮਸ਼ੀਨ ਨੂੰ ਚਲਾਉਣ ਲਈ ਮਾਹਿਰ ਉਪਰੇਟਰ ਵੀ ਭੇਜਿਆ ਜਾਵੇ।

84 ਵਾਂ ਗਰੈਜੂਏਸ਼ਨ ਸਮਾਰੋਹ ਅਤੇ ਨੱਚਣਾ ਟੱਪਣਾ 8 ਨੂੰ ਮਿਸ਼ਨ ਹਸਪਤਾਲ 'ਚ

ਫ਼ਿਰੋਜ਼ਪੁਰ, 6 ਮਾਰਚ (ਜੀ. ਐਸ. ਕਾਲੜਾ.) ਫ਼ਰਾਂਸਿਸ ਨਿਊਟਨ ਹਸਪਤਾਲ (ਮਿਸ਼ਨ ਹਸਪਤਾਲ) ਫ਼ਿਰੋਜ਼ਪੁਰ ਛਾਉਣੀ ਵੱਲੋਂ 84ਵਾਂ ਗਰੈਜੂਏਸ਼ਨ ਸਮਾਰੋਹ ਫੈਰਿਸ ਐਡੀਟੋਰੀਅਮ ਹਾਲ ਵਿੱਚ 6 ਮਾਰਚ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਦੀ ਜਾਣਕਾਰੀ ਪ੍ਰਿੰਸੀਪਲ ਨਰਸਿੰਗ ਸੁਪਰੀਡੈਂਟ ਮੈਡਮ ਟੀ. ਏ. ਪਾਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਮਿਸ਼ਨ ਹਸਪਤਾਲ ਨੇ ਸੇਵਾ ਦੇ 116 ਸਾਲ ਪੂਰੇ ਕਰਨ ਦਿੱਤੇ ਹਨ। ਇਹ ਸਮਾਰੋਹ ਸਕੂਲ ਆਫ ਨਰਸਿੰਗ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਮਨਾਇਆ ਜਾਵੇਗਾ। ਜਿਸ ਵਿੱਚ ਉਚੇਚੇ ਤੌਰ ਤੇ ਬਤੌਰ ਮੁੱਖ ਮਹਿਮਾਨ ਡਾ. ਅਬਰਾਹਮ ਜੀ ਥਾਮਸ ਡਾਇਰੈਕਟਰ ਸੀ. ਐਮ. ਸੀ. ਲੁਧਿਆਣਾ ਆਉਣਗੇ। ਇਸ ਮੌਕੇ ਡਾ. ਰਿਚਰਡ ਡੈਵਿਡ ਦੀ ਰਹਿਨੁਮਾਈ ਹੇਠ ਫੈਰਿਸ ਐਡੀਟੋਰੀਅਮ ਵਿੱਚ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਪ੍ਰਿੰਸੀਪਲ ਈ. ਏ. ਪਾਲ ਨੇ ਅੱਗੇ ਦੱਸਿਆ ਕਿ 8 ਮਾਰਚ ਨੂੰ ਵੀ ਰੰਗਾਰੰਗ ਪ੍ਰੋਗਰਾਮ ਨੱਚਣਾ ਟੱਪਣਾ ਹੋਵੇਗਾ ਜਿਸ ਦੇ ਮੁੱਖ ਮਹਿਮਾਨ ਡਾ. ਆਰ. ਐਲ. ਤਨੇਜਾ ਹੋਣਗੇ। ਇਹ ਸਮਾਰੋਹ ਸ਼ਾਮ 4 ਵਜੇ ਸ਼ੁਰੂ ਹੋਣਗੇ ਅਤੇ 6 ਵਜੇ ਸ਼ਾਮ ਸਮਾਪਤ ਹੋਣਗੇ।

ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣਾ ਸਮੇਂ ਦੀ ਲੋੜ ਹੈ-ਅੰਮ੍ਰਿਤ ਬਾਲਾ

ਨਵਾਂ ਸ਼ਹਿਰ, 6 ਮਾਰਚ (ਗੁਰਜੀਤ ਸਿੰਘ)-ਨੌਜਵਾਨਾਂ ਨੂੰ ਨਸ਼ਿਆਂ ਦੀ ਦਲ ਦਲ ਵਿੱਚੋਂ ਕੱਢਣ ਲਈ ਪੰਜਾਬ ਸਰਕਾਰ ਦੇ ਸਮਾਜਿਕ ਸਿੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸਰਕਾਰੀ ਹਾਈ ਸਕੂਲ ਰੱਕੜਾਂ ਢਾਹਾਂ 'ਚ ਨਸ਼ਿਆਂ ਵਿਰੁੱਧ ਸੈਮੀਨਾਰ ਕਰਵਾਇਆ ਗਿਆ। ਇਹ ਸਮਾਗਮ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਜ਼ਿਲ੍ਹਾ ਨਵਾਂ ਸ਼ਹਿਰ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਵੱਲ ਜਾਣ ਤੋਂ ਰੋਕਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਨੌਜਵਾਨ ਦੇਸ਼ ਦਾ ਸਰਮਾਇਆ ਹਨ। ਪੰਜਾਬ ਦਾ ਸਰਮਾਇਆ ਜਿਹੜਾ ਨਸ਼ਿਆਂ ਦੇ ਦਰਿਆ ਵਿੱਚ ਰੁੜਦਾ ਜਾ ਰਿਹਾ ਹੈ। ਇਸ ਨੂੰ ਬਚਾਉਣਾ ਸਮੇਂ ਦੀ ਮੰਗ ਹੈ। ਇਸ ਮੌਕੇ ਸਕੂਲ ਦੇ ਬੱਚਿਆਂ ਦੇ ਭਾਸ਼ਣ ਮੁਕਾਬਲੇ, ਚਾਰਟ ਬਣਾਉਣ ਦੇ ਮੁਕਾਬਲੇ ਅਤੇ ਮਾਟੋਜ਼ ਲੇਖਣ ਮੁਕਾਬਲੇ ਕਰਵਾਏ ਅਤੇ ਪਹਿਲੇ, ਦੂਸਰੇ ਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਮਨੁੱਖੀ ਅਧਿਕਾਰ ਜਾਗਰਤੀ ਮੰਚ ਨਵਾਂ ਸ਼ਹਿਰ ਦੇ ਪ੍ਰਧਾਨ ਵਾਸਦੇਵ ਪਰਦੇਸੀ, ਮੁੱਖ ਅਧਿਆਪਕ ਜੋਗਿੰਦਰ ਸਿੰਘ, ਅੰਮ੍ਰਿਤ ਬਾਲਾ, ਗੁਰਨਾਮ ਸਿੰਘ, ਮੋਹਣ ਸਿੰਘ ਪਨੇਸਰ, ਪ੍ਰੇਮ ਰੱਕੜ, ਪ੍ਰਦੀਪ ਚਾਂਦਲਾ, ਰਣਜੀਤ ਸਿੰਘ, ਸੁਰਿੰਦਰ ਚੰਦ, ਮੁਕੇਸ਼ ਕੁਮਾਰ ਵੱਲੋਂ ਸਨਮਾਨਿਤ ਕੀਤਾ ਗਿਆ, ਸ੍ਰ. ਜੁਗਿੰਦਰ ਸਿੰਘ ਨੇ ਧੰਨਵਾਦ ਕੀਤਾ।

ਖ਼ੂਨਦਾਨ ਬਾਰੇ ਜਾਗਰੂਕਤਾ ਕੈਂਪ ਲਗਾਇਆ

ਸੰਗਰੂਰ, 6 ਮਾਰਚ (ਛਾਂਜਲੀ)- ਬਲੱਡ ਡੋਨਰਜ਼ ਐਂਡ ਹੈਲਥ ਕੇਅਰ ਸੁਸਾਇਟੀ ਵਲੋਂ ਗੁਰਦੁਆਰਾ ਸਿਧਾਣਾ ਸਾਹਿਬ ਵਿਖੇ ਮੁਫ਼ਤ ਖ਼ੂਨਦਾਨ ਜਾਂਚ ਕੈਂਪ ਸਿਹਤ ਸਿੱਖਿਆ ਕੈਂਪ ਲਗਾਇਆ ਗਿਆ। ਸ. ਹਰਮੋਹਨ ਸਿੰਘ ਚੇਅਰਮੈਨ ਸੁਸਾਇਟੀ ਅਤੇ ਐਕਟਿੰਗ ਚੇਅਰਮੈਨ ਸ. ਨਛੱਤਰ ਸਿੰਘ ਕੰਗ ਨੇ ਸੰਗਤਾਂ ਨੂੰ ਅਜੋਕੇ ਤੇਜ਼ ਰਫ਼ਤਾਰ ਯੁੱਗ ਵਿੱਚ ਖ਼ੂਨਦਾਨ ਦੀ ਮਹੱਤਤਾ ਅਤੇ ਖ਼ੂਨ ਗਰੁੱਪ ਕਾਰਡ ਹਮੇਸ਼ਾ ਜੇਬ੍ਹ ਵਿੱਚ ਰੱਖਣ ਬਾਰੇ ਜਾਣਕਾਰੀ ਦਿੱਤੀ। ਖ਼ੂਨ ਗਰੁਪਿੰਗ ਦੀ ਸੇਵਾ ਲੈਬ ਟੈਕਨੀਸ਼ੀਅਨ ਮੈਡਮ ਪਰਮਜੀਤ ਕੌਰ ਅਤੇ ਸ. ਕਰਮ ਸਿੰਘ ਬਡਰੁਖਾਂ ਨੇ ਨਿਭਾਈ। ਕੈਂਪ ਨੂੰ ਸਫਲ ਬਣਾਉਣ ਲਈ ਸਮਾਜ ਸੇਵਿਕਾ ਕੁਲਦੀਪ ਕੌਰ, ਸ੍ਰੀ ਰਾਕੇਸ਼ ਜੈਨ, ਸ. ਦੇਸਾ ਸਿੰਘ ਆਦਿ ਨੇ ਯੋਗਦਾਨ ਪਾਇਆ।

ਵਿਸਾਖੀ ਮੌਕੇ ਜੱਥਾ ਪੰਜਾ ਸਾਹਿਬ 11 ਅਪ੍ਰੈਲ ਨੂੰ ਜਾਵੇਗਾ

ਸਿੱਖ ਯਾਤਰੂ 13 ਮਾਰਚ ਤੱਕ ਆਪਣੇ ਪਾਸਪੋਰਟ ਭੇਜਣ

ਫਿਰੋਜ਼ਪੁਰ, 6 ਮਾਰਚ (ਕਾਲੜਾ)-ਵਿਸਾਖੀ ਦਿਹਾੜਾ ਗੁਰਦੁਆਰਾ ਪੰਜਾ ਸਾਹਿਬ ਪਾਕਿਸਤਾਨ ਵਿਖੇ ਮਨਾਉਣ ਲਈ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਾਮ ਸਿੰਘ ਵੱਲੋਂ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਨੂੰ 500 ਸਿੱਖ ਯਾਤਰੀਆਂ ਦਾ ਜਥਾ ਲੈ ਕੇ ਆਉਣ ਲਈ ਈ-ਮੇਲ ਅਤੇ ਟੈਲੀਫੋਨ ਰਾਹੀਂ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ ਅਤੇ ਸੋਹਣ ਸਿੰਘ ਨੂੰ ਅਪੀਲ ਕਰਦਿਆਂ ਆਖਿਆ ਗਿਆ ਕਿ ਸਿੱਖ ਜਥਾ 11 ਅਪ੍ਰੈਲ ਨੂੰ 3 ਸਪੈਸ਼ਲ ਟਰੇਨਾਂ ਰਾਹੀਂ ਅਟਾਰੀ ਰੇਲਵੇ ਸਟੇਸ਼ਨ ਤੋਂ ਸਿੱਧੇ ਪੰਜਾ ਸਾਹਿਬ ਜਾਵੇਗਾ, ਜੋ ਵਿਸਾਖੀ ਦਿਹਾੜਾ ਮਨਾ ਕੇ ਗੁਰਦੁਆਰਾ ਨਨਕਾਣਾ ਸਾਹਿਬ, ਸੱਚਾ ਸੌਦਾ, ਡੇਹਰਾ ਸਾਹਿਬ, ਜਨਮ ਅਸਥਾਨ ਗੁਰੂ ਰਾਮ ਦਾਸ ਜੀ ਲਾਹੌਰ, ਏਮਨਾਬਾਦ ਦੇ ਗੁਰਦੁਆਰੇ ਕਰਤਾਰਪੁਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੇ ਦਰਸ਼ਨ ਕਰਕੇ 20 ਅਪ੍ਰੈਲ ਨੂੰ ਵਾਪਸ ਭਾਰਤ ਆਵੇਗਾ। ਸ਼ਾਮ ਸਿੰਘ ਨੇ ਆਖਿਆ ਕਿ ਸਿੱਖ ਜਥਿਆਂ ਦੀ ਹਿਫੀਜਤ ਲਈ ਸਰਕਾਰ ਪਹਿਲਾਂ ਤੋਂ ਪੂਰੇ ਪ੍ਰਬੰਧ ਕਰਦੀ ਆ ਰਹੀ ਹੈ। ਇਸ ਮੌਕੇ ਨਨਕਾਣਾ ਸਾਹਿਬ ਵਿਖੇ ਬਾਬਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣ ਸੰਬੰਧੀ ਅਤੇ ਆਨੰਦ ਕਾਰਜ ਮੈਰਿਜ ਐਕਟ ਸੰਬੰਧੀ ਵੀ ਫੈਸਲਾ ਪੂਰਾ ਵਿਚਾਰ ਅਧੀਨ ਹੈ। ਲਾਹੌਰ ਵਿਖੇ ਗੁਰਦੁਆਰਾ ਦੀਵਾਨ ਖਾਨਾ ਸ੍ਰੀ ਗੁਰੂ ਰਾਮ ਦਾਸ ਜੀ ਨੂੰ ਕਾਰ ਸੇਵਾ ਰਾਹੀਂ ਬਣਾਉਣ ਸੰਬੰਧੀ ਵੀ ਫੈਸਲਾ ਲਿਆ ਜਾਵੇਗਾ। ਸੁਸਾਇਟੀ ਦੇ ਪ੍ਰਧਾਨ ਨੇ ਆਖਿਆ ਕਿ ਵਿਸਾਖੀ ਮੌਕੇ ਪਾਕਿਸਤਾਨ ਜਾਣ ਵਾਲੇ ਸਿੱਖ ਯਾਤਰੀ 13 ਮਾਰਚ ਤੱਕ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਫਿਰੋਜ਼ਪੁਰ ਸਾਹਿਬ ਵਿਖੇ ਆਪਣੇ-ਆਪਣੇ ਪਾਸਪੋਰਟ ਜਮ੍ਹਾਂ ਕਰਵਾ ਸਕਦੇ ਹਨ। ਜਾਣਕਾਰੀ ਹਾਸਲ ਕਰਨ ਲਈ ਇਨ੍ਹਾਂ ਨੰਬਰਾਂ ਉਪਰ ਸੰਪਰਕ ਕਰ ਸਕਦੇ ਹਨ। 9501012407-9872917489 ਪਾਕਿਸਤਾਨ ਵਿਖੇ ਗੁਰਦੁਆਰਿਆਂ ਦੇ ਲੰਗਰਾਂ ਵਾਸਤੇ ਥਾਲ ਅਤੇ ਪਤੀਲੇ ਸੰਗਤਾਂ ਅਤੇ ਮਹਾਂਪੁਰਸ਼ਾਂ ਦੇ ਸਹਿਯੋਗ ਨਾਲ ਭੇਜੇ ਜਾਣਗੇ ਅਤੇ ਇਸ ਤੋਂ ਇਲਾਵਾ ਲੰਗਰਾਂ ਲਈ ਵੀ ਸੇਵਾ ਭੇਜੀ ਜਾਵੇਗੀ।

ਮਾਡਰਨ ਗਰੁੱਪ ਦੀਆਂ ਸਿੱਖਿਆ ਸੰਸਥਾਵਾਂ ਨੂੰ ਸੀ. ਬੀ. ਐੱਸ. ਈ. ਵੱਲੋਂ ਮਾਨਤਾ

ਮਾਡਰਨ ਗਰੁੱਪ ਦੀਆਂ ਸਿੱਖਿਆ ਸੰਸਥਾਵਾਂ 'ਚ ਸਮਾਰਟ ਕਲਾਸਾਂ ਸ਼ੁਰੂ-ਜਗਜੀਤ ਸਿੰਘ

ਧੂਰੀ, 6 ਮਾਰਚ (ਪੱਤਰ ਪ੍ਰੇਰਕ)-ਮਾਡਰਨ ਗਰੁੱਪ ਆਫ ਇੰਸਟੀਚਿਊਸ਼ਨ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ 'ਚੋਂ ਮਾਡਰਨ ਸੈਕੂਲਰ ਪਬਲਿਕ ਸਕੂਲ ਧੂਰੀ, ਸ਼ੇਰਗੜ੍ਹ ਚੀਮਾ, ਮਾਲੇਰਕੋਟਲਾ ਅਤੇ ਭੀਖੀ ਨੂੰ ਸੀ.ਬੀ.ਐੱਸ.ਈ. ਵੱਲੋਂ ਮਾਨਤਾ ਦਿੱਤੇ ਜਾਣ ਨਾਲ ਇਲਾਕੇ ਅੰਦਰ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਵਰਨਣਯੋਗ ਹੈ ਕਿ ਮਾਡਰਨ ਗਰੁੱਪ ਦੀਆਂ ਇਨ੍ਹਾਂ ਸੰਸਥਾਵਾਂ ਵੱਲੋਂ ਵਿੱਦਿਅਕ ਖੇਤਰ ਦੇ ਨਾਲ-ਨਾਲ ਖੇਡ ਅਤੇ ਸੱਭਿਆਚਾਰ ਦੇ ਖੇਤਰ 'ਚ ਵੀ ਕੌਮੀ ਤੇ ਏਸ਼ੀਆਈ ਪੱਧਰ ਦੀਆਂ ਕੀਤੀਆਂ ਪ੍ਰਾਪਤੀਆਂ ਸਦਕਾ ਇਲਾਕੇ ਦਾ ਨਾਂ ਰੌਸ਼ਨ ਹੋਇਆ ਹੈ। ਮਾਡਰਨ ਗਰੁੱਪ ਆਫ ਇੰਸਟੀਚਿਊਸ਼ਨਜ ਦੇ ਡਾਇਰੈਕਟਰ ਜਗਜੀਤ ਸਿੰਘ ਨੇ ਦੱਸਿਆ ਕਿ ਸੰਸਥਾ ਅਧੀਨ ਚੱਲਦੀਆਂ ਵਿੱਦਿਅਕ ਸੰਸਥਾਵਾਂ ਨੂੰ +2 ਤੱਕ ਸੀ.ਬੀ.ਐੱਸ.ਈ. ਵੱਲੋਂ ਮਾਨਤਾ ਦਿੱਤੀ ਗਈ ਹੈ ਅਤੇ ਸੰਸਥਾ ਦੇ ਸਕੂਲਾਂ ਅੰਦਰ ਸਮਾਰਟ ਕਲਾਸਿਜ਼ ਸ਼ੁਰੂ ਹੋ ਚੁੱਕੀਆਂ ਹਨ, ਜਿਸ ਤਹਿਤ ਵਿਦਿਆਰਥੀਆਂ ਨੂੰ ਪ੍ਰੋਜੈਕਟ, ਆਡੀਓ-ਵੀਡੀਓ ਅਤੇ ਐਨੀਮੇਟਿਡ ਮੂਵੀਜ਼ ਰਾਹੀਂ ਪੜ੍ਹਾਈ ਕਰਵਾਉਣ ਦੇ ਨਾਲ-ਨਾਲ ਵਿੱਦਿਆਰਥੀਆਂ ਦੀਆਂ ਗਤੀਵਿਧੀਆਂ ਅਤੇ ਨਤੀਜਿਆਂ ਬਾਰੇ ਮਾਪਿਆਂ ਨੂੰ ਇੰਟਰਨੈੱਟ ਰਾਹੀਂ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਅੱਜ ਦੇ ਇਸ ਮੁਕਾਬਲੇ ਦੇ ਯੁੱਗ ਅੰਦਰ ਵਿੱਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਨਾਲ-ਨਾਲ ਸਵੈ-ਰੁਜ਼ਗਾਰ ਚਲਾਉਣ ਦੇ ਸਮਰੱਥ ਬਣਾਉਣਾ ਹੈ।

ਸਰਕਾਰ ਦੇ ਫੈਸਲੇ ਨਾਲ ਜਨਤਾ 'ਤੇ ਪਵੇਗਾ ਭਾਰੀ ਬੋਝ

ਸ਼੍ਰੀ ਮੁਕਤਸਰ ਸਾਹਿਬ, 6 ਮਾਰਚ (ਸੁਰੇਸ ਗਰਗ)- ਪੰਜਾਬ ਸਰਕਾਰ ਨੇ ਮਾਲ ਮਹਿਕਮੇਂ ਦੇ ਅੰਦਰ ਕਰਵਾਏ ਜਾਣ ਵਾਲੇ ਸਾਰੇ ਰਜਿਸਟਰਡ ਦਸਤਾਵੇਜ਼ਾਂ ਦੇ ਨਾਲ ਜੋ ਕੰਪਿਊਟਰ ਫੀਸ ਪਹਿਲਾ ਸਿਰਫ਼ 120/- ਰੁਪਏ ਲਈ ਜਾਂਦੀ ਸੀ ਹੁਣ ਵਧਾਕੇ 600/- ਰੁਪਏ ਪ੍ਰਤੀ ਦਸਤਾਵੇਜ਼ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਦੇ ਇਸ ਫੈਸਲੇ ਨਾਲ ਜਨਤਾ ਤੇ ਭਾਰੀ ਬੋਝ ਪਵੇਗਾ।

ਪ੍ਰਿੰਸੀਪਲਾਂ ਦੀ ਇੱਕ ਵਿਸ਼ੇਸ਼ ਇਕੱਤਰਤਾ 10 ਨੂੰ

ਅੰਮ੍ਰਿਤਸਰ, 6 ਮਾਰਚ (ਅ.ਬ.)- ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸਬੰਧਤ ਕਾਲਜ਼ਾਂ ਦੇ ਪ੍ਰਿੰਸੀਪਲਾਂ ਦੀ ਇੱਕ ਵਿਸ਼ੇਸ਼ ਇਕੱਤਰਤਾ ਯੂਨੀਵਰਸਿਟੀ ਦੀਆਂ ਸਲਾਨਾਂ ਪ੍ਰੀਖਿਆਵਾਂ ਦੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਕਰਨ ਲਈ ਮਿਤੀ 10 ਮਾਰਚ ਨੂੰ ਸੱਦੀ ਗਈ ਹੈ। ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਇੰਦਰਜੀਤ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਇਕੱਤਰਤਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਯੂਨੀਵਰਸਿਟੀ ਸੈਨੇਟ ਹਾਲ ਵਿੱਚ ਸ਼ਾਮੀ 4 ਵਜੇ ਹੋਵੇਗੀ। ਉਨ੍ਹਾਂ ਸਮੂਹ ਕਾਲਜ਼ਾਂ ਦੇ ਪ੍ਰਿੰਸੀਪਲਾਂ ਨੂੰ ਇਸ ਇਕੱਤਰਤਾ ਵਿੱਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਹੈ।

ਜਗਦੇਵ ਜਿੰਦਲ ਭਾਜਪਾ ਧੂਰੀ ਮੰਡਲ ਦੇ ਪ੍ਰਧਾਨ ਬਣੇ

ਧੂਰੀ, 6 ਮਾਰਚ (ਪੱਤਰ ਪ੍ਰੇਰਕ)- ਭਾਰਤੀ ਜਨਤਾ ਪਾਰਟੀ, ਮੰਡਲ ਧੂਰੀ ਦੀ ਪ੍ਰਧਾਨਗੀ ਦੀ ਹੋਈ ਚੋਣ 'ਚ ਸਥਾਨਕ ਨਗਰ ਕੌਂਸਲ ਦੇ ਮੀਤ ਪ੍ਰਧਾਨ ਤੇ ਸਥਾਨਕ ਸੀਨੀਅਰ ਭਾਜਪਾ ਆਗੂ ਜਗਦੇਵ ਜਿੰਦਲ ਨੂੰ ਭਾਜਪਾ ਧੂਰੀ ਮੰਡਲ ਦਾ ਪ੍ਰਧਾਨ ਚੁਣ ਲਿਆ ਗਿਆ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਕਾਲੜਾ ਦੀ ਹਾਜ਼ਰੀ 'ਚ ਪਾਰਟੀ ਦੇ ਚੋਣ ਅਧਿਕਾਰੀ ਮੋਹਣ ਲਾਲ ਗਰਗ ਨੇ ਪ੍ਰਧਾਨਗੀ ਦੇ ਅਹੁਦੇ ਲਈ ਜਗਦੇਵ ਜਿੰਦਲ ਦੇ ਨਾਂਅ 'ਤੇ ਸਹਿਮਤੀ ਪ੍ਰਗਟ ਕੀਤੀ। ਇਸ ਮੌਕੇ ਜਗਦੇਵ ਜਿੰਦਲ ਦੇ ਨਾਂ ਦਾ ਵਿਰੋਧ ਕਰਨ ਵਾਲੇ ਤੇ ਪ੍ਰਧਾਨ ਦੇ ਅਹੁਦੇ ਦੇ ਉਮੀਦਵਾਰ ਵਿਕਾਸ ਜੈਨ ਤੇ ਉਸਦੇ ਸਮਰਥਕਾਂ ਵੱਲੋਂ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ ਗਈ। ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੋਣ ਅਧਿਕਾਰੀ ਮੋਹਨ ਲਾਲ ਗਰਗ ਨੇ ਵਿਕਾਸ ਜੈਨ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਪ੍ਰਧਾਨਗੀ ਦੇ ਅਹੁਦੇ ਦੇ ਲਈ ਜਗਦੇਵ ਜਿੰਦਲ ਸਮੇਤ ਚਾਰ ਉਮੀਦਵਾਰ ਮੈਦਾਨ 'ਚ ਸਨ ਅਤੇ ਸਾਰੇ ਉਮੀਦਵਾਰਾਂ ਨਾਲ ਖੁੱਲ੍ਹਾ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਹੀ ਜਗਦੇਵ ਜਿੰਦਲ ਨੂੰ ਪ੍ਰਧਾਨ ਨਾਮਜ਼ਦ ਕੀਤਾ ਗਿਆ ਹੈ। ਗਰਗ ਨੇ ਕਿਹਾ ਕਿ ਨਾਅਰੇਬਾਜ਼ੀ ਕਰਨ ਵਾਲਿਆਂ ਵੱਲੋਂ ਪਾਰਟੀ ਦਾ ਅਨੁਸਾਸ਼ਨ ਭੰਗ ਕੀਤਾ ਗਿਆ ਹੈ ਅਤੇ ਪਾਰਟੀ ਹਾਈ ਕਮਾਨ ਨੂੰ ਉਨ੍ਹਾਂ ਖਿਲਾਫ ਕਾਰਵਾਈ ਕਰਨ ਦੀ ਸਿਫ਼ਾਰਸ਼ ਕੀਤੀ ਜਾਵੇਗੀ। ਭਾਜਪਾ ਧੂਰੀ ਮੰਡਲ ਦਾ ਪ੍ਰਧਾਨ ਬਣਨ ਤੋਂ ਬਾਅਦ ਜਗਦੇਵ ਜਿੰਦਲ ਨੇ ਜ਼ਿਲ੍ਹਾ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਇਆ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਗੇ।

ਸੀਟੂ ਦੇ ਜਨਰਲ ਸਕੱਤਰ ਨੂੰ ਕਾਨਫਰੰਸ ਲਈ ਥੈਲੀ ਭੇਟ

ਬਲਾਚੌਰ, 6 ਮਾਰਚ (ਪੱਤਰ ਪ੍ਰੇਰਕ)- ਮਜ਼ਦੂਰਾਂ ਦੀ ਲੜਾਕੂ ਜਥੇਬੰਦੀ ਸੀਟੂ ਦੀ 13ਵੀਂ ਕਾਨਫਰੰਸ 17 ਤੋਂ 21 ਮਾਰਚ ਤੱਕ ਚੰਡੀਗੜ੍ਹ ਵਿਖੇ ਹੋ ਰਹੀ ਹੈ, ਜਿਸ ਸੰਬੰਧੀ ਜ਼ਿਲ੍ਹਾ ਨਵਾਂ ਸ਼ਹਿਰ ਸੀਟੂ ਦੇ ਪ੍ਰਧਾਨ ਸ੍ਰੀ ਮਹਾਂ ਸਿੰਘ ਰੋੜੀ ਅਤੇ ਮੁਲਾਜ਼ਮ ਆਗੂ ਸ੍ਰੀ ਪ੍ਰੇਮ ਰੱਕੜ ਵੱਲੋਂ ਸੀਟੂ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਰਘੂਨਾਥ ਸਿੰਘ ਨੂੰ ਬਲਾਚੌਰ ਦੇ ਵਰਕਰਾਂ ਵੱਲੋਂ ਥੈਲੀ ਭੇਂਟ ਕੀਤੀ ਗਈ। ਇਸ ਮੌਕੇ 'ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਰਘੁਨਾਥ ਸਿੰਘ ਨੇ ਅਪੀਲ ਕੀਤੀ ਕਿ ਕਾਨਫਰੰਸ ਦੀ ਸਫਲਤਾ ਲਈ ਵਰਕਰ ਪਰਿਵਾਰਾਂ ਸਮੇਤ ਚੰਡੀਗੜ੍ਹ ਪਹੁੰਚਣ ਅਤੇ ਆਰਥਿਕ ਮੱਦਦ ਵੀ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਕਾਨਫਰੰਸ ਵਿੱਚ ਭਾਰਤ ਦੀ ਮਜ਼ਦੂਰ ਜਮਾਤ ਅੱਗੇ ਖੜੀਆਂ ਚੁਣੌਤੀਆਂ ਦੇ ਵਿਰੋਧ ਵਿੱਚ ਭਾਰਤ ਦੀ ਜਨਤਾ ਨੂੰ ਜਾਗਰਤ ਕਰਕੇ ਸਾਂਝਾ ਸੰਘਰਸ਼ ਕਰਨ ਲਈ ਲਾਮਬੰਦ ਕੀਤਾ ਜਾਵੇਗਾ ਅਤੇ ਹੋਰ ਪ੍ਰੋਗਰਾਮ ਵੀ ਉਲੀਕੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਮੌਕੇ 'ਤੇ ਰਾਸ਼ਟਰ ਵਿਆਪੀ ਮੁੱਖ ਮਸਲਾ ਮਹਿੰਗਾਈ ਵੀ ਵਿਚਾਰਿਆ ਜਾਵੇਗਾ। ਇਸ ਮੌਕੇ 'ਤੇ ਸੀਟੂ ਦੇ ਜ਼ਿਲ੍ਹਾ ਪ੍ਰਧਾਨ ਮਹਾਂ ਸਿੰਘ ਰੋੜੀ ਤੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਕਾਨਫਰੰਸ ਵਿੱਚ ਜ਼ਿਲ੍ਹਾ ਨਵਾਂ ਸ਼ਹਿਰ ਤੋਂ ਪਰਿਵਾਰਾਂ ਸਮੇਤ 600 ਵਰਕਰ ਸ਼ਾਮਲ ਹੋਣਗੇ ਅਤੇ ਵੱਧ ਤੋਂ ਵੱਧ ਆਰਥਿਕ ਮੱਦਦ ਕਰਨਗੇ। ਇਸ ਮੌਕੇ 'ਤੇ ਕਾਮਰੇਡ ਮਲਕੀਤ ਸਿੰਘ ਤਹਿਸੀਲ ਪ੍ਰਧਾਨ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ, ਕਾਮਰੇਡ ਮਹਿੰਗਾ ਸਿੰਘ, ਜਸਵੀਰ ਸਿੰਘ ਨਾਗਰਾ, ਜਗਤਾਰ ਸਿੰਘ ਅਮੌਰ ਨੇ ਵੀ ਸੰਬੋਧਨ ਕੀਤਾ।

ਏ.ਟੀ.ਐਮ. ਰਾਹੀਂ ਰਾਸ਼ੀ ਸਹੀ ਰੂਪ ਵਿਚ ਨਾ ਨਿਕਲਣ ਦੀਆਂ ਸ਼ਿਕਾਇਤਾਂ ਵਧੀਆਂ

ਮੰਡੀ ਗੋਬਿੰਦਗੜ੍ਹ, 6 ਮਾਰਚ (ਵਿਪਨ ਬਾਂਸਲ)- ਬੈਂਕਾਂ ਵਿਚ ਏ.ਟੀ.ਐਮ. ਰਾਹੀ ਰਾਸ਼ੀ ਸਹੀ ਰੂਪ ਵਿਚ ਨਾ ਨਿਕਲਣ ਦੀਆਂ ਸ਼ਿਕਾਇਤਾਂ ਦਿਨ ਪ੍ਰਤੀ ਦਿਨ ਵੱਧਦੀਆਂ ਜਾ ਰਹੀਆਂ ਹਨ ਪ੍ਰੰਤੂ ਬੈਂਕ ਅਧਿਕਾਰੀਆਂ ਵੱਲੋਂ ਇਨ੍ਹਾਂ ਦੀ ਪੱਕੇ ਤੌਰ 'ਤੇ ਰੋਕਥਾਮ ਕਰਨ ਲਈ ਹੁਣ ਤੱਕ ਕੋਈ ਠੋਸ ਕਦਮ ਨਾ ਚੁੱਕਣ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਲੋਹ ਸਬ ਡਵੀਜ਼ਨ ਦੇ ਪਿੰਡ ਕਾਹਨਪੁਰਾ ਦੇ ਸ੍ਰੀ ਦਲਜੀਤ ਸਿੰਘ ਪੁੱਤਰ ਪਾਲ ਸਿੰਘ ਨੇ ਦੱਸਿਆਂ ਕਿ ਯੂਨੀਅਨ ਬੈਂਕ ਆਫ ਇੰਡੀਆਂ ਮੰਡੀ ਗੋਬਿੰਦਗੜ੍ਹ ਵਿਚ ਖਾਤਾ ਨੰ. 389102010009757 ਅਤੇ ਏ.ਟੀ.ਐਮ. ਨੰ. 4213683891004160 ਖੁਲਵਾਇਆਂ ਹੋਇਆਂ ਹੈ ਅਤੇ ਉਹ 27 ਫਰਵਰੀ ਨੂੰ ਆਪਣਾ ਏ.ਟੀ.ਐਮ. ਕਾਰਡ ਲੈ ਕੇ ਪੰਜਾਬ ਨੈਸ਼ਨਲ ਬੈਂਕ ਜੀ.ਟੀ. ਰੋਡ ਖੰਨਾ ਵਿਚ ਸ਼ਾਮ ਕਰੀਬ 5.30 ਵਜੇ 1500 ਰੁਪਏ ਕੱਢਵਾਉਣ ਲਈ ਗਿਆ ਅਤੇ ਏ.ਟੀ.ਐਮ. ਕਾਰਡ ਦੀ ਵਰਤੋਂ ਕੀਤੀ ਤਾਂ ਉਸਦੇ ਪੈਸੇ ਨਿਕਲਣ ਦੀ ਥਾ ਰਸੀਦ ਨੰ. 7589 ਨਿਕਲ ਗਈ ਪ੍ਰੰਤੂ ਪੈਸੇ ਨਹੀਂ ਮਿਲੇ। ਉਸਨੇ ਤੁਰੰਤ ਸਬੰਧਤ ਬੈਂਕ ਦੇ ਅਧਿਕਾਰੀਆਂ ਦੇ ਮਾਮਲਾ ਧਿਆਨ ਵਿਚ ਲਿਆਂਦਾ ਜਿਨ੍ਹਾਂ ਉਸਨੂੰ ਪੈਸੇ ਮਿਲਣ ਦਾ ਭਰੋਸਾ ਦਿੱਤਾ ਪ੍ਰੰਤੂ ਪੈਸੇ ਨਹੀਂ ਮਿਲੇ। ਉਨ੍ਹਾਂ ਦੱਸਿਆਂ ਕਿ ਬਾਅਦ ਵਿਚ ਉਸਨੂੰ ਇਸੇ ਏ.ਟੀ.ਐਮ. ਰਾਹੀ ਉਸੇ ਦਿਨ ਕੇਂਦਰਾਂ ਬੈਂਕ ਦੀ ਖੰਨਾ ਬਰਾਂਚ ਵਿਚੋਂ 1500 ਰੁਪਏ ਕੱਢਵਾ ਲਏ ਪ੍ਰੰਤੂ ਉਸਦੇ ਖਾਤੇ ਵਿਚੋਂ 3000 ਰੁਪਏ ਨਿਕਲ ਗਏ। ਉਸਨੇ ਦੱਸਿਆਂ ਕਿ 2 ਮਾਰਚ ਨੂੰ ਉਸਨੂੰ ਪੈਸਿਆਂ ਦੀ ਲੋੜ ਪਈ ਤਾਂ ਯੂਨੀਅਨ ਬੈਂਕ ਆਫ ਇੰਡੀਆਂ ਦੀ ਖੰਨਾ ਬਰਾਂਚ ਵਿਚ ਏ. ਟੀ. ਐਮ. ਕਾਰਡ ਦੀ ਵਰਤੋਂ ਕਰਕੇ 1000 ਰੁਪਏ ਕੱਢਵਾਉਣ ਦਾ ਯਤਨ ਕੀਤਾ ਪ੍ਰੰਤੂ ਪੈਸੇ ਨਹੀਂ ਮਿਲੇ ਮਸ਼ੀਨ ਨੇ ਰਸੀਦ ਨੰ. 7865 ਕੱਢ ਦਿੱਤੀ। ਉਸਨੇ ਤੁਰੰਤ ਇਹ ਮਾਲਮਾ ਸਬੰਧਤ ਬਰਾਂਚ ਦੇ ਮੈਨੇਜਰ ਦੇ ਧਿਆਨ ਵਿਚ ਲਿਆਂਦਾ। ਪ੍ਰੰਤੂ ਇਹ ਪੈਸੇ ਉਸਨੂੰ ਅਜੇ ਤੱਕ ਨਹੀਂ ਮਿਲੇ। ਉਨ੍ਹਾਂ ਦੱਸਿਆਂ ਕਿ ਇਹ ਮਾਮਲਾ ਲਿਖਤੀ ਤੌਰ 'ਤੇ ਯੂਨੀਅਨ ਬੈਂਕ ਆਫ ਇੰਡੀਆਂ ਮੰਡੀ ਗੋਬਿੰਦਗੜ੍ਹ ਦੇ ਧਿਆਨ ਵਿਚ ਲਿਆਂਦਾ ਗਿਆ ਹੈ। ਉਸਨੇ ਮੰਗ ਕੀਤੀ ਕਿ ਉਸਦੇ ਪੈਸੇ ਦਵਾਏ ਜਾਣ ਅਤੇ ਪੇਸ਼ ਆ ਰਹੀਆਂ ਇਨ੍ਹਾਂ ਮੁਸ਼ਕਲਾਂ ਦਾ ਠੋਸ ਹੱਲ ਕੱਢਿਆਂ ਜਾਵੇ।

ਬੇਕਾਰੀ ਭੱਤੇ ਸਬੰਧੀ ਰਾਸ਼ੀ ਵੰਡੀ

ਹੁਸ਼ਿਆਰਪੁਰ, 6 ਮਾਰਚ: (ਧਵਨ) ਜ਼ਿਲ੍ਹਾ ਰੋਜ਼ਗਾਰ ਜਨਰੇਸ਼ਨ ਅਤੇ ਟਰੇਨਿੰਗ ਅਫ਼ਸਰ, ਹੁਸ਼ਿਆਰਪੁਰ ਨੇ ਦੱਸਿਆ ਕਿ ਮਹੀਨਾ ਫਰਵਰੀ 2010 ਦੌਰਾਨ 44 ਉਮੀਦਵਾਰਾਂ ਨੂੰ 29544 ਰੁਪਏ ਦੀ ਰਾਸ਼ੀ ਬੇਕਾਰੀ ਭੱਤੇ ਵਜੋਂ ਵੰਡੀ ਗਈ। ਉਨ੍ਹਾਂ ਹੋਰ ਦੱਸਿਆ ਕਿ ਇਸੇ ਮਹੀਨੇ ਦੌਰਾਨ ਰੋਜ਼ਗਾਰ ਪ੍ਰਾਪਤ ਕਰਨ ਲਈ 323 ਉਮੀਦਵਾਰਾਂ ਵੱਲੋਂ ਨਾਂ ਦਰਜ ਕਰਵਾਏ ਗਏ ਜਿਨ੍ਹਾਂ ਵਿੱਚ 263 ਮਰਦ ਅਤੇ 60 ਔਰਤਾਂ ਹਨ। ਇਸੇ ਤਰ੍ਹਾਂ 39 ਪਲੇਸਿੰਗ ਹੋਈਆਂ ਜਿਨ੍ਹਾਂ ਵਿੱਚ 38 ਮਰਦ ਅਤੇ 1 ਇਸਤਰੀ ਸ਼ਾਮਲ ਹਨ ਅਤੇ 39 ਅਧਿਸੂਚਿਤ ਆਸਾਮੀਆਂ ਤਹਿਤ ਨਾਂ ਕਰਦੇ ਕੀਤੇ ਗਏ । ਇਸ ਤਰ੍ਹਾਂ ਲਾਈਵ ਰਜਿਸਟਰ ਵਿੱਚ 20272 ਨਾਂ ਦਰਜ਼ ਹੋਏ ਜਿਨ੍ਹਾਂ ਵਿੱਚ 14248 ਮਰਦ ਅਤੇ 6024 ਇਸਤਰੀਆਂ ਹਨ।

ਰਤਨ ਗੁਰਾਇਆਂ ਚੈਰੀਟੇਬਲ ਟਰੱਸਟ ਲੰਡਨ ਵਲੋਂ ਸਕੂਲ ਲਈ ਬੱਸ ਭੇਟ

ਬੰਗਾ, 6 ਮਾਰਚ (ਰਾਜ ਮਜਾਰੀ)- ਰਤਨ ਗੁਰਾਇਆਂ ਚੈਰੀਟੇਬਲ ਟਰੱਸਟ ਲੰਡਨ ਵਲੋਂ ਇੰਦਰਪੁਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਹੇੜੀਆਂ ਲਈ ਬੱਸ ਭੇਟ ਕੀਤੀ ਗਈ। ਸ. ਬਲਵੰਤ ਸਿੰਘ ਯੂ. ਕੇ. ਵਲੋਂ ਕੀਤੇ ਯਤਨਾ ਸਦਕਾ ਇਹ ਬੱਸ ਟਰੱਸਟ ਦੇ ਪ੍ਰਧਾਨ ਸ. ਦਿਲਬਾਰਾ ਸਿੰਘ ਗੋਰਾ ਵੱਲੋਂ ਭੇਟ ਕੀਤੀ। ਇਸ ਮੌਕੇ ਕੀਤੇ ਸਮਾਗਮ ਦੌਰਾਨ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੁਦਰਸ਼ਨ ਕੁਮਾਰੀ ਅਤੇ ਸਕੂਲ ਵਿਕਾਸ ਕਮੇਟੀ ਦੇ ਚੇਅਰਮੈਨ ਸ. ਕਰਮਜੀਤ ਸਿੰਘ ਹੇੜੀਆਂ ਨੇ ਟਰੱਸਟ ਦੇ ਪ੍ਰਧਾਨ ਸ. ਗੋਰਾ ਅਤੇ ਹੋਰ ਮੈਂਬਰਾਂ ਵਲੋਂ ਕੀਤੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸਿਰਪਾਓ ਭੇਂਟ ਕੀਤਾ। ਇਸ ਮੌਕੇ ਸ੍ਰੀਮਤੀ ਨਿਰਮਲ ਕੌਰ, ਮਹਿੰਦਰ ਸਿੰਘ ਨਿੱਝਰ ਮੀਤ ਪ੍ਰਧਾਨ ਟਰੱਸਟ, ਸੀਤਲ ਕੌਰ ਨਿੱਝਰ, ਗੁਰਦੀਪ ਕੌਰ, ਸੁਖਵੀਰ ਕੌਰ, ਸੁਖਵਿੰਦਰ ਕੌਰ, ਅਜੀਤ ਸਿੰਘ, ਕਸ਼ਮੀਰ ਸਿੰਘ ਯੂ. ਕੇ. ਸਰਪੰਚ ਸ੍ਰੀਮਤੀ ਕਮਲੇਸ਼, ਕੁਲਵੰਤ ਸਿੰਘ ਪੰਚ, ਮਲਕੀਤ ਸਿੰਘ ਪ੍ਰਧਾਨ ਪੀ. ਈ. ਏ., ਸ੍ਰੀ ਮੋਹਨ ਸਿੰਘ ਸਾਬਕਾ ਡੀ. ਐਸ. ਪੀ., ਜਰਨੈਲ ਸਿੰਘ ਸਰਪੰਚ ਬੋਜੋ ਮਾਸਟਰ ਮਹਿੰਦਰ ਸਿੰਘ, ਸ੍ਰੀ ਅੰਮ੍ਰਿਤਸਰੀਆ ਰਾਮ, ਵਰਿੰਦਰ ਕੁਮਾਰ, ਸ੍ਰੀਮਤੀ ਰਾਣੀ, ਰਾਜਵਿੰਦਰ ਕੌਰ, ਸ੍ਰੀ ਸੰਜੀਵ ਕੁਮਾਰ, ਹਰਮਿੰਦਰ ਸਿੰਘ, ਰਜਿੰਦਰ ਕੁਮਾਰ, ਗੀਤਾ ਅੰਜਲੀ, ਮੱਖਣ ਲਾਲ, ਕਮਲਜੀਤ ਕੌਰ, ਚਰਨਜੀਤ ਕੌਰ, ਅਨੀਤਾ ਰਾਣੀ, ਸਤਨਾਮ, ਤਰਲੋਚਨ ਸਿੰਘ, ਮੋਹਣ ਲਾਲ ਅਤੇ ਰਾਜ ਆਦਿ ਹਾਜ਼ਰ ਸਨ।

ਮਾਤਾ ਮਹਿੰਦਰ ਕੌਰ ਨੂੰ ਸੈਂਕੜੇ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

ਬੰਗਾ, 6 ਮਾਰਚ (ਰਾਜ ਮਜਾਰੀ)-ਸਹਿਕਾਰੀ ਖੰਡ ਮਿੱਲ ਨਵਾਂ ਸ਼ਹਿਰ ਦੇ ਡਾਇਰੈਕਟਰ ਸ੍ਰ. ਰਣਜੀਤ ਸਿੰਘ ਝਿੰਗੜ ਦੇ ਸਤਿਕਾਰਯੋਗ ਮਾਤਾ ਮਹਿੰਦਰ ਕੌਰ ਜੋ ਕਿ ਬੀਤੇ ਦਿਨ ਸੰਖੇਪ ਬੀਮਾਰ ਪਿੱਛੋਂ ਅਕਾਲ ਚਲਾਣਾ ਕਰ ਗਏ ਸਨ ਦਾ ਝਿੰਗੜਾ ਸ਼ਮਸ਼ਾਨ ਘਾਟ 'ਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਹ 70 ਵਰ੍ਹਿਆਂ ਦੇ ਸਨ। ਇਸ ਮੌਕੇ ਸੈਂਕੜੇ ਸੇਜਲ ਅੱਖਾਂ ਨਾਲ ਮਾਤਾ ਮਹਿੰਦਰ ਕੌਰ ਨੂੰ ਅੰਤਿਮ ਵਿਦਾਇਗੀ ਦਿੱਤੀ। ਰਣਜੀਤ ਸਿੰਘ ਝਿੰਗੜ ਨੇ ਆਪਣੀ ਮਾਤਾ ਦੀ ਚਿਤਾ ਨੂੰ ਅਗਨੀ ਦਿਖਾਈ। ਇਸ ਮੌਕੇ ਝਲਮਣ ਸਿੰਘ ਪ੍ਰਧਾਨ ਸਹਿਕਾਰੀ ਸਭਾ, ਸਤਨਾਮ ਸਿੰਘ ਸੀ.ਸੀ.ਡੀ.ਓ. ਸਹਿਕਾਰੀ ਖੰਡ ਮਿੱਲ ਨਵਾਂ ਸ਼ਹਿਰ, ਹਰਜਿੰਦਰ ਸਿੰਘ ਸ਼ੁਕਾਰ, ਗੁਰਜੀਤ ਸਿੰਘ ਪੁਰੇਵਾਲ, ਬੂਟਾ ਸਿੰਘ ਸ਼ੇਰਗਿੱਲ, ਕੁਲਤਾਰ ਸਿੰਘ ਪੁਰੇਵਾਲ, ਅਵਤਾਰ ਸਿੰਘ ਯੂ.ਕੇ. ਬਾਵਾ ਸਿੰਘ ਨੰਬਰਦਾਰ, ਸਰਵਣ ਸਿੰਘ ਨੰਬਰਦਾਰ, ਅਜਾਇਬ ਸਿੰਘ, ਬਲਵਿੰਦਰ ਸਿੰਘ, ਸੁਰਜੀਤ ਝਿੰਗੜ ਸੰਤੋਖ ਸਿੰਘ ਢੰਡਾ ਅਤੇ ਸੁਰਿੰਦਰ ਸਿੰਘ ਛਿੰਦਾ ਆਦਿ ਹਾਜ਼ਰ ਸਨ। ਮਾਤਾ ਮਹਿੰਦਰ ਕੌਰ ਦੀ ਮੌਤ 'ਤੇ ਚੌਧਰੀ ਮੋਹਣ ਲਾਲ ਵਿਧਾਇਕ ਹਲਕਾ ਬੰਗਾ, ਬੁੱਧ ਸਿੰਘ ਬਲਾਕੀਪੁਰ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਸੰਤੋਖ ਸਿੰਘ ਮੱਲਾ, ਕਰਮਜੀਤ ਸਿੰਘ ਹੇੜੀਆਂ, ਕਸ਼ਮੀਰ ਲਾਲ ਹੱਪੋਵਾਲ ਆਦਿ ਆਗੂਆਂ ਨੇ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ।

ਹਸਪਤਾਲ ਲਈ ਮਾਇਆ ਭੇਂਟ ਕਰਨ ਵਾਲੇ ਸਨਮਾਨਿਤ

ਬੰਗਾ, 4 ਮਾਰਚ (ਰਾਜ ਮਜਾਰੀ)-ਇੱਥੇ ਸਥਾਨਕ ਗੁਰੂ ਅਰਜਨ ਦੇਵ ਮਿਸ਼ਨ ਹਸਪਤਾਲ ਵਿਖੇ ਗਰੀਬ ਅਤੇ ਲੋੜਵੰਦ ਮਰੀਜ਼ਾਂ ਦੀ ਸਹਾਇਤਾ ਵਾਸਤੇ ਸ੍ਰੀ ਮਹਿੰਦਰ ਸਿੰਘ ਵੜੈਚ ਯੂ.ਐੱਸ.ਏ. ਅਤੇ ਸ੍ਰੀ ਦੀਦਾਰ ਸਿੰਘ ਵੜੈਚ ਯੂ.ਐੱਸ.ਏ. ਪਿੰਡ ਖਟਕੜਖੁਰਦ ਵੱਲੋਂ ਕ੍ਰਮਵਾਰ 20-20 ਹਜ਼ਾਰ ਦੇ ਚੈੱਕ ਭੇਟ ਕੀਤੇ। ਇਸ ਮੌਕੇ ਗੁਰੂ ਅਰਜਨ ਦੇਵ ਮਿਸ਼ਨ ਚੈਰੀਟੇਬਲ ਟਰੱਸਟ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸ੍ਰ. ਸੁਰਿੰਦਰ ਸਿੰਘ ਵੜੈਚ ਅਤੇ ਦੀਦਾਰ ਸਿੰਘ ਵੜੈਚ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਸੀਤਾ ਰਾਮ ਲਾਲ, ਉਂਕਾਰ ਸਿੰਘ ਸੋਢੀ, ਜਗਜੀਤ ਸਿੰਘ ਸੋਢੀ, ਮਨਜੀਤ ਕੌਰ ਅਤੇ ਗੁਰਬਿੰਦਰ ਸਿੰਘ ਆਦਿ ਹਾਜ਼ਰ ਸਨ।

ਖਟਕੜ ਕਲਾਂ ਸਕੂਲ 'ਚ ਇਨਾਮ ਵੰਡ ਸਮਾਗਮ ਹੋਇਆ

ਬੰਗਾ, 6 ਮਾਰਚ (ਪੱਤਰ ਪ੍ਰੇਰਕ)- ਸਰਕਾਰੀ ਹਾਈ ਸਕੂਲ ਖਟਕੜ ਕਲਾਂ ਵਿਖੇ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਸਕੂਲ ਦੇ ਮੁੱਖ ਅਧਿਆਪਕ ਸ. ਕੁਲਦੀਪ ਸਿੰਘ ਜੀ ਹੋਰਾਂ ਕੀਤੀ ਜਦ ਕਿ ਸ. ਅਮਰਜੀਤ ਸਿੰਘ ਬੰਗਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਉਨ੍ਹਾਂ ਨਾਲ ਵਿਸ਼ੇਸ਼ ਮਹਿਮਾਨਾਂ ਵਿੱਚ ਪਿੰਡ ਦੇ ਸਰਪੰਚ ਸ੍ਰੀ ਗੁਰਮੇਲ ਸਿੰਘ ਰਾਮ, ਸ੍ਰੀਮਤੀ ਆਸ਼ਾ ਰਾਣੀ ਮੈਂਬਰ ਪੰਚਇਤ ਹਾਜ਼ਰ ਸਨ। ਇਸ ਮੌਕੇ 'ਤੇ ਸਕੂਲ ਦੇ ਹੁਸ਼ਿਆਰ ਵਿਦਿਆਰਥੀਆਂ ਸਮੇਤ ਸਾਇੰਸ ਦੀਆਂ ਗਤੀਵਿਧੀਆਂ ਲਈ ਪ੍ਰਾਜੈਕਟ, ਮਾਡਲ ਅਤੇ ਚਾਰਟ ਮੇਕਿੰਗ ਮੁਕਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਵੱਲੋਂ ਗੀਤ, ਨਾਟਕ, ਸਕਿੱਟਾਂ, ਕੋਰੀਓ ਗ੍ਰਾਫੀਆਂ, ਲੜਕੀਆਂ ਵਲੋਂ ਗਿੱਧਾ ਅਤੇ ਲੜਕਿਆਂ ਵੱਲੋਂ ਭੰਗੜਾ ਪੇਸ਼ ਕੀਤਾ ਗਿਆ। ਸਕੂਲ ਮੁਖੀ ਸ. ਕੁਲਦੀਪ ਸਿੰਘ ਜੀ ਹੋਰਾਂ ਵਲੋਂ ਸਕੂਲ ਸਬੰਧੀ ਸਲਾਨਾ ਰਿਪੋਰਟ ਪੇਸ਼ ਕੀਤੀ ਗਈ ਅਤੇ ਸਕੂਲ ਦੇ ਵਿਕਾਸ ਕਾਰਜਾਂ ਬਾਰੇ ਚਾਨਣਾ ਪਾਇਆ ਗਿਆ ਜਦ ਕਿ ਸਰਪੰਚ ਸ੍ਰੀ ਗੁਰਮੇਲ ਰਾਮ ਵੱਲੋਂ ਸਕੂਲ ਦੇ ਰਹਿੰਦੇ ਵਿਕਾਸ ਕਾਰਜਾਂ ਨੂੰ ਨੇਪਰੇ ਚੜ੍ਹਾਉਣ ਦਾ ਵਾਅਦਾ ਕੀਤਾ ਗਿਆ। ਸਾਇੰਸ ਅਧਿਆਪਿਕਾ ਸ੍ਰੀਮਤੀ ਹਰਿੰਦਰ ਕੌਰ ਜੀ ਵਲੋਂ ਆਏ ਹੋਏ ਮਹਿਮਾਨ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਸ. ਤਰਲੋਚਨ ਪਠਲਾਵਾਂ ਇੰਚਾਰਜ਼ ਸਰਕਾਰੀ ਕੰਨਿਆ ਮਿਡਲ ਸਕੂਲ ਖਟਕੜ ਕਲਾਂ, ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

ਕਟਾਰੀਆ 'ਚ ਪੇਂਡੂ ਖੇਡ ਮੇਲੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ

ਬੰਗਾ, 6 ਮਾਰਚ (ਪੱਤਰ ਪ੍ਰੇਰਕ)- ਗ੍ਰਾਮ ਪੰਚਾਇਤ ਕਟਾਰੀਆ ਵੱਲੋਂ ਐਨ. ਆਰ. ਆਈਜ਼ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਸਦਕਾ ਕਰਵਾਏ ਜਾ ਰਹੇ ਦੋ ਰੋਜ਼ਾ ਖੇਡ ਮੇਲੇ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਹੋਈ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਗੱਦੀ ਨਸ਼ੀਨ ਸਾਈਂ ਸੋਨੀ ਸ਼ਾਹ ਨੇ ਦੱਸਿਆ ਕਿ ਇਹ ਖੇਡ ਮੇਲਾ ਬਾਬਾ ਦੌਲੇ ਸ਼ਾਹ ਦੀ ਯਾਦ ਨੂੰ ਸਮਰਪਿਤ 14 ਤੇ 15 ਮਾਰਚ ਨੂੰ ਕਰਵਾਇਆ ਜਾਵੇਗਾ। ਇਸ ਖੇਡ ਮੇਲੇ ਦੌਰਾਨ ਵੱਖ-ਵੱਖ ਭਾਰ ਵਰਗ ਦੇ ਕਬੱਡੀ ਮੁਕਾਬਲਿਆਂ ਤੋਂ ਇਲਾਵਾ ਰਵਾਇਤੀ ਖੇਡਾਂ ਦਾ ਵੀ ਦਰਸ਼ਕ ਆਨੰਦ ਮਾਣ ਸਕਣਗੇ। ਇਸ ਮੀਟਿੰਗ ਦੌਰਾਨ ਮੁਖਤਿਆਰ ਸਿੰਘ, ਗੁਰਨਾਮ ਰਾਮ ਜੱਖੂ, ਹਰਪਾਲ ਸਿੰਘ ਸਰਪੰਚ, ਪ੍ਰਧਾਨ ਗੁਰਬਚਨ ਫ਼ੌਜੀ, ਸਵਰਨਾ ਰਾਮ ਨੰਬਰਦਾਰ, ਸਾਈਂ ਪਾਲ ਸ਼ਾਹ ਕਾਦਰੀ, ਰਾਮ ਆਸਰਾ ਸਾਬਕਾ ਸਰਪੰਚ ਅਤੇ ਪੂਰਨ ਚੰਦ ਆਦਿ ਹਾਜ਼ਰ ਸਨ।

ਗੁਰਮੇਲ ਰਾਮ ਬਾਲੀ ਦੀ ਸੇਵਾ ਮੁਕਤੀ 'ਤੇ ਸਮਾਗਮ

ਬੰਗਾ, 6 ਮਾਰਚ (ਪੱਤਰ ਪ੍ਰੇਰਕ)- ਮਾਰਕੀਟ ਕਮੇਟੀ ਬੰਗਾ ਵਿਖੇ ਬਤੌਰ ਲੇਖਾਕਾਰ ਸੇਵਾ ਨਿਭਾ ਰਹੇ ਸ੍ਰੀ ਗੁਰਮੇਲ ਰਾਮ ਬਾਲੀ ਸੇਵਾ ਮੁਕਤੀ 'ਤੇ ਮਰਕੀਟ ਕਮੇਟੀ ਦਫ਼ਤਰ ਵਿਖੇ ਇੱਕ ਸਮਾਗਮ ਕਰਵਾਇਆ ਗਿਆ। ਚੌਧਰੀ ਮੋਹਣ ਲਾਲ ਹਲਕਾ ਵਿਧਾਇਕ ਬੰਗਾ ਇਸ ਸਮਾਗਮ 'ਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪੁੱਜੇ। ਉਨ੍ਹਾਂ ਨੇ ਸ੍ਰੀ ਗੁਰਮੇਲ ਰਾਮ ਨੂੰ 36 ਸਾਲ 5 ਮਹੀਨੇ ਦੀਆਂ ਬੇਦਾਗ ਸੇਵਾਵਾਂ ਉਪਰੰਤ ਸੇਵਾ ਮੁਕਤੀ ਲਈ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ। ਸ੍ਰ ਬੁੱਧ ਸਿੰਘ ਬਲਾਕੀਪੁਰ ਚੇਅਰਮੈਨ ਮਾਰਕੀਟ ਕਮੇਟੀ ਬੰਗਾ ਨੇ ਸ੍ਰੀ ਗੁਰਮੇਲ ਰਾਮ ਬਾਲੀ ਵਲੋਂ ਮਾਰਕੀਟ ਕਮੇਟੀ ਦਫ਼ਤਰ ਬੰਗਾ ਵਿਖੇ ਨਿਭਾਈਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ। ਮਾਰਕੀਟ ਦਫ਼ਤਰ ਬੰਗਾ ਦੇ ਅਹੁਦੇਦਾਰਾਂ ਅਤੇ ਕਰਮਚਾਰੀਆਂ ਵੱਲੋਂ ਸ੍ਰੀ ਬਾਲੀ ਨੂੰ ਤੋਹਫੇ ਵੀ ਭੇਂਟ ਕੀਤੇ ਗਏ। ਇਸ ਮੌਕੇ ਸ੍ਰੀ ਸੰਜੀਵ ਜੈਨ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਬੰਗਾ, ਸ. ਰਛਪਾਲ ਸਿੰਘ ਲਾਦੀਆ, ਸ੍ਰੀਮਤੀ ਰਾਮ ਪਿਆਰੀ, ਸ. ਕਰਮਜੀਤ ਸਿੰਘ ਹੇੜੀਆ, ਸ੍ਰੀ ਹੇਮ ਰਾਜ ਸਕੱਤਰ, ਜਗਦੀਸ਼ ਸਿੰਘ ਸੋਢੀ, ਮੁਨੀਸ਼ ਗਾਂਧੀ, ਜਗਦੀਸ਼ ਪਾਲ, ਸ੍ਰੀ ਮਹਿੰਦਰ ਪਾਲ ਲੇਖਾਕਾਰ, ਹਰਦੀਪ ਸਿੰਘ, ਭੋਗਲ ਮੰਡੀ ਸੁਪਰਵਾਈਜ਼ਰ ਬ੍ਰਿਜ ਲਾਲ, ਸ੍ਰੀਮਤੀ ਕਸ਼ਮੀਰ ਕੌਰ ਆਕਸ਼ਨ ਰਿਕਾਡਰ ਗੁਰਕੰਵਲ ਸਿੰਘ, ਅਮਰਜੀਤ ਸਿੰਘ, ਅਵਤਾਰ ਸਿੰਘ, ਕਮਲ ਕੁਮਾਰ, ਬਲਵੀਰ ਸਿੰਘ, ਲਛਮਣ ਸਿੰਘ ਅਤੇ ਸ਼ਾਮ ਲਾਲ ਆਦਿ ਹਾਜ਼ਰ ਸਨ।

ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ 7 ਨੂੰ

ਬੰਗਾ, 6 ਮਾਰਚ (ਰਾਜ ਮਜਾਰੀ)-ਗੁਰਮੀਤ ਆਈ ਕੇਅਰ ਟਰੱਸਟ ਯੂ.ਕੇ. ਵੱਲੋਂ ਸਮਾਜ ਭਲਾਈ ਸਵੈ-ਸੇਵੀ ਸੰਸਥਾ ਸੁੱਜੋ ਦੇ ਸਹਿਯੋਗ ਨਾਲ ਸਵਰਗੀ ਦਿਲਬਾਗ ਸਿੰਘ ਅਤੇ ਸਵਰਗੀ ਮਹਿੰਦਰ ਸਿੰਘ ਗਹੂਣੀਆ ਦੀ ਯਾਦ ਨੂੰ ਸਮਰਪਿਤ 12ਵਾਂ ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ ਦਿਲਬਾਗ ਸਿੰਘ ਮੈਮੋਰੀਅਲ ਸਰਕਾਰੀ ਹਸਪਤਾਲ ਸੁੱਜੋ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਜਨਰਲ ਸਕੱਤਰ ਮਾਸਟਰ ਜਸਵੀਰ ਸਿੰਘ ਜੱਸੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੈਂਪ ਦੌਰਾਨ 7 ਮਾਰਚ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਜਲੰਧਰ ਦੇ ਡਾ. ਕਪਲਮੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਅੱਖਾਂ ਦਾ ਚੈੱਕਅੱਪ ਕਰਨਗੇ ਅਤੇ 8 ਮਾਰਚ ਨੂੰ ਜਲੰਧਰ ਹਸਪਤਾਲ 'ਚ ਅਪ੍ਰੇਸ਼ਨ ਕੀਤੇ ਜਾਣਗੇ।